# ਕੈਨੇਡਾ ਛਾਤਰ ਕਰਜ਼ੇ ਅਤੇ ਗਰਾਂਟਾਂ

ਕੈਨੇਡਾ ਸਰਕਾਰ

## *ਛਾਤਰਾਂ ਲਈ ਮੁੱਖ ਝਲਕਾਂ*

**CanLearn.ca**

LC-071-02-09 Ca. No.: HS48-4/2009

ISBN: 978-0-662-06582-1

ਯੂਨੀਵਰਸਿਟੀ, ਕਾਲਜ ਜਾਂ ਵਿਵਸਾਇਕ ਸਕੂਲ ਦੀ ਸਿੱਖਿਆ ਲੈਣਾ ਕਦੇ ਵੀ ਇੰਨਾਂ ਜਿਆਦਾ ਜ਼ਰੂਰੀ ਨਹੀਂ ਹੋਇਆ। ਪ੍ਰਾਂਤਕ ਜਾਂ ਖੇਤਰੀ ਛਾਤਰ ਸਹਾਇਤਾ ਦੇ ਨਾਲ ਨਾਲ, ਕੈਨੇਡਾ ਛਾਤਰ ਕਰਜ਼ੇ ਅਤੇ ਗਰਾਂਟਾਂ ਨਿਮਨ ਅਤੇ ਮੱਧਵਰਤੀ ਆਮਦਨ ਵਾਲੇ ਪਰਵਾਰਾਂ ਦੇ ਛਾਤਰਾਂ ਲਈ ਸਿੱਖਿਆ ਲੈਣਾ ਹੋਰ ਵੀ ਅਸਾਨ ਬਣਾਉਂਦੇ ਹਨ। ਸੰਘੀ ਵਿੱਤੀ ਛਾਤਰ ਸਹਾਇਤਾ ਵਿੱਚ ਹਾਲੀਆ ਤਬਦੀਲੀਆਂ ਦਾ ਮਤਲਬ ਗਰਾਂਟਾਂ ਵਿੱਚ ਵਧੇਰਾ ਪੈਸਾ ਉਪਲਬਧ ਹੋਣਾ ਹੈ, ਜਿਸ ਕਰਕੇ ਤੁਹਾਨੂੰ ਘੱਟ ਕਰਜ਼ਾ ਮੋੜਨਾ ਪਵੇਗਾ ਅਤੇ ਤੁਹਾਡੇ ਲਈ ਆਪਣਾ ਕਰਜ਼ਾ ਕਿਵੇਂ ਅਤੇ ਕਦੋਂ ਵਾਪਿਸ ਕਰਨ ਵਿੱਚ ਵਧੇਰੀ ਲਚਕ ਹੋਵੇਗੀ। ਗਰਾਂਟਾਂ ਵਾਪਿਸ ਨਹੀਂ ਕਰਨੀਆਂ ਪੈਂਦੀਆਂ।

## ਕਰਜ਼ਿਆਂ ਵਿੱਚ ਕੀ ਉਪਲਬਧ ਹੈ?

» ਪੂਰਨਕਾਲਕ ਛਾਤਰਾਂ ਲਈ $210 ਪ੍ਰਤੀ ਸਪਤਾਹ ਤਕ ਸੰਘੀ ਕਰਜ਼ਿਆਂ ਵਿੱਚ। (ਪ੍ਰਾਂਤਕ ਅਤੇ ਖੇਤਰੀ ਸਰਕਾਰਾਂ ਵੀ ਛਾਤਰ ਕਰਜ਼ਾ ਪ੍ਰੋਗਰਾਮ ਦਿੰਦਿਆਂ ਹਨ।)

» ਅੰਸ਼ਕਾਲਕ ਛਾਤਰਾਂ ਲਈ $10,000 ਤਕ ਸੰਘੀ ਕਰਜ਼ਿਆਂ ਵਿੱਚ।

## ਗਰਾਂਟਾਂ ਵਿੱਚ ਕੀ ਉਪਲਬਧ ਹੈ?

» **ਨਵਾਂ!** ਨਿਮਨ ਆਮਦਨ ਵਾਲੇ ਪਰਵਾਰਾਂ ਦੇ ਪੂਰਨਕਾਲਕ ਛਾਤਰਾਂ ਲਈ $250 ਪੜ੍ਹਾਈ ਦੇ ਪ੍ਰਤੀ ਇੱਕ ਮਾਹ ਲਈ।

» **ਨਵਾਂ!** ਮੱਧਵਰਤੀ ਆਮਦਨ ਵਾਲੇ ਪਰਵਾਰਾਂ ਦੇ ਪੂਰਨਕਾਲਕ ਛਾਤਰਾਂ ਲਈ $100 ਪੜ੍ਹਾਈ ਦੇ ਪ੍ਰਤੀ ਇੱਕ ਮਾਹ ਲਈ।

» ਨਿਮਨ ਆਮਦਨ ਵਾਲੇ ਪਰਵਾਰਾਂ ਦੇ ਅੰਸ਼ਕਾਲਕ ਛਾਤਰਾਂ ਲਈ ਪ੍ਰਤੀ ਸਾਲ $1,200 ਤਕ ਗਰਾਂਟਾਂ ਵਿੱਚ।

ਇਹ ਗਰਾਂਟਾਂ ਸਥਾਈ ਅਸਮਰੱਥਾ ਵਾਲੇ ਛਾਤਰਾਂ ਅਤੇ ਆਸ਼ਰਤਾਂ ਵਾਲੇ ਛਾਤਰਾਂ ਨੂੰ ਉਪਲਬਧ ਗਰਾਂਟਾਂ ਨਾਲ ਮਿਲਾਈਆਂ ਜਾ ਸਕਦੀਆਂ ਹਨ।

## ਕੀ ਮੈਂ ਯੋਗ ਹਾਂ?

ਯੋਗ ਹੋਣ ਲਈ, ਤੁਸੀਂ:

» ਕੈਨੇਡੀਅਨ ਨਾਗਰਿਕ, ਸਥਾਈ ਵਸਨੀਕ ਜਾਂ ਸੁਰੱਖਿਅਤ ਵਿਅਕਤੀ ਹੋਣੇ ਚਾਹੀਦੇ ਹੋ; ਅਤੇ

» ਮਨੋਨੀਤ ਪੋਸਟ-ਸੈਕੰਡਰੀ ਸੰਸਥਾਨ ਵਿੱਚ ਘੱਟੋ-ਘੱਟ 12 ਸਪਤਾਹਾਂ ਦੇ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰੋਗਰਾਮ ਲਈ ਸਵੀਕਾਰ ਜਾਂ ਉਸ ਵਿੱਚ ਦਾਖਲ ਹੋਣੇ ਚਾਹੀਦੇ ਹੋ।

ਨਿਮਨ ਅਤੇ ਮੱਧਵਰਤੀ ਆਮਦਨ ਵਾਲੇ ਪਰਵਾਰਾਂ ਦੇ ਛਾਤਰਾਂ ਲਈ ਕੈਨੇਡਾ ਛਾਤਰ ਗਰਾਂਟਾਂ, ਪੂਰਵਸਨਾਤਕ ਯੂਨੀਵਰਸਿਟੀ, ਕਾਲਜ ਜਾਂ ਵਿਵਸਾਇਕ ਸਕੂਲ ਪ੍ਰੋਗਰਾਮ, ਜਿਹੜਾ ਘੱਟੋ-ਘੱਟ 2 ਸਾਲ (60 ਸਪਤਾਹ) ਦੀ ਅਵਧੀ ਦਾ ਹੋਵੇ, ਦੇ ਹਰ ਇੱਕ ਸਾਲ ਲਈ ਉਪਲਬਧ ਹਨ।

ਯੋਗਤਾ ਦੇ ਸਮੂਚੇ ਮਾਨ ਦੰਡਾਂ ਲਈ CanLearn.ca ਦੇਖੋ ਜਾਂ ਆਪਣੇ ਪ੍ਰਾਂਤਕ ਜਾਂ ਖੇਤਰੀ ਛਾਤਰ ਸਹਾਇਤਾ ਦਫਤਰ ਨਾਲ ਸੰਪਰਕ ਕਰੋ।

## ਕੀ ਕੈਨੇਡਾ ਛਾਤਰ ਕਰਜ਼ੇ ਅਤੇ ਗਰਾਂਟਾਂ ਜਿੱਥੇ ਮੈਂ ਰਹਿੰਦਾ ਹਾਂ ਉਥੇ ਉਪਲਬਧ ਹਨ?

ਉਹ ਛਾਤਰ, ਜਿਨ੍ਹਾਂ ਦਾ ਸਥਾਈ ਪਤਾ ਕਿਉਬਿਕ, ਨਾਰਥਵੈਸਟ ਟੈਰੀਟਰੀਜ਼ ਜਾਂ ਨੂਨਾਵੁਤ ਵਿੱਚ ਹੈ, ਉਨ੍ਹਾਂ ਨੂੰ ਛੱਡ ਕੇ ਕੈਨੇਡਾ ਛਾਤਰ ਕਰਜ਼ੇ ਅਤੇ ਗਰਾਂਟਾਂ ਕੈਨੇਡਾ ਦੇ ਆਰ-ਪਾਰ ਉਪਲਬਧ ਹਨ। ਸੱਸਕੈਚਵਾਨ, ਉਂਟਾਰੀਓ, ਨਿਊ ਬਰੰਸਵਿਕ, ਅਤੇ ਨਿਊਫਾਉਂਡਲੈਂਡ ਅਤੇ ਲੈਬਰਾਡਾਰ ਵਿੱਚ ਕੈਨੇਡਾ ਛਾਤਰ ਕਰਜ਼ੇ ਅਤੇ ਗਰਾਂਟਾਂ ਪ੍ਰਾਂਤਕ ਪ੍ਰੋਗਰਾਮਾਂ ਨਾਲ ਜੁੜੇ ਹੋਏ ਹਨ। ਨਾਂ ਵੱਖਰਾ ਹੋ ਸਕਦਾ ਹੈ, ਪਰ ਉਸੇ ਦਰਜੇ ਦੀ ਸੰਘੀ ਸਹਾਇਤਾ ਉਪਲਬਧ ਹੈ।

## ਮੈਂ ਅਰਜ਼ੀ ਕਿਵੇਂ ਦੇਵਾਂ?

» ਆਪਣੇ ਪ੍ਰਾਂਤਕ ਜਾਂ ਖੇਤਰੀ ਛਾਤਰ ਸਹਾਇਤਾ ਦਫਤਰ ਦੇ ਰਾਹੀਂ ਅਰਜ਼ੀ ਦਿਓ। ਸਬੰਧਤ ਕੜੀਆਂ ਅਤੇ ਸੰਪਰਕ ਜਾਣਕਾਰੀ ਲਈ CanLearn.ca ਦੇਖੋ।
» ਅਰਜ਼ੀ ਸਿੱਧਿਆਂ ਆਨਲਾਈਨ ਜਮ੍ਹਾ ਕਰਾਓ ਜਾਂ ਅਰਜ਼ੀ ਨੂੰ ਛਾਪੋ, ਹੱਥ ਨਾਲ ਭਰੋ, ਅਤੇ ਇਸਨੂੰ ਦੱਸੇ ਅਨੁਸਾਰ ਜਮ੍ਹਾ ਕਰਾਓ।
» ਕਾਗਜ਼ੀ ਫਾਰਮ ਤੁਹਾਡੇ ਸਿੱਖਿਆ ਸੰਸਥਾਨ ਜਾਂ ਪ੍ਰਾਂਤਕ ਜਾਂ ਖੇਤਰੀ ਛਾਤਰ ਸਹਾਇਤਾ ਦਫਤਰ ਵਿੱਚੋਂ ਮਿਲ ਸਕਦੇ ਹਨ।

» ਅਰਜ਼ੀ ਭਰਨਾ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਨਿਰਦੇਸ਼ ਪੜ੍ਹੋ।

ਜਦੋਂ ਤੁਸੀਂ ਕਰਜ਼ੇ ਲਈ ਪਾਸ ਹੋ ਜਾਂਦੇ ਹੋ ਤਾਂ ਤੁਹਾਡੀ ਕੈਨੇਡਾ ਛਾਤਰ ਗਰਾਂਟਾਂ ਲਈ ਯੋਗਤਾ ਆਪਣੇ ਆਪ ਨਿਰਧਾਰਤ ਹੋ ਜਾਵੇਗੀ। (ਸਿਰਫ ਸਥਾਈ ਅਸਮਰੱਥਾ ਵਾਲੇ ਛਾਤਰਾਂ ਲਈ ਸੇਵਾਵਾਂ ਅਤੇ ਸਾਜ਼ ਸਮਾਨ ਦੀ ਗਰਾਂਟ ਦੇ ਲਈ ਵੱਖਰੀ ਅਰਜ਼ੀ ਚਾਹੀਦੀ ਹੈ।)

ਅਰਜ਼ੀ ਦੇਣ ਤੋਂ ਪਹਿਲਾਂ ਯਾਦ ਰੱਖਣ ਲਈ ਕੁਝ ਗੱਲਾਂ:
» ਤੁਹਾਨੂੰ ਸਿਰਫ ਕਰਜ਼ਿਆਂ ਨੂੰ ਵਾਪਿਸ ਕਰਨ ਦੀ ਲੋੜ ਹੈ, ਗਰਾਂਟਾਂ ਨਹੀਂ।
» ਸਕੂਲ ਵਿੱਚ ਪੜ੍ਹਦੇ ਸਮੇਂ, ਤੁਹਾਨੂੰ ਮਿਲ ਸਕਣ ਵਾਲੀ ਸਹਾਇਤਾ ਦੀ ਰਾਸ਼ੀ `ਤੇ ਬਿਨਾ ਕੋਈ ਅਸਰ ਪਾਏ ਤੁਸੀਂ ਸਪਤਾਹ ਵਿੱਚ $50 ਤਕ ਕਮਾ ਸਕਦੇ ਹੋ।
» ਯੋਗਤਾ `ਤੇ ਅਧਾਰਤ ਵਜ਼ੀਫੇ (ਪ੍ਰਤੀ ਵਿਦਿਅਕ ਸਾਲ `ਚ $1,800 ਤਕ) ਅਤੇ ਕੁਝ ਇਨਾਮ ਤੁਹਾਨੂੰ ਮਿਲਣ ਵਾਲੇ ਕਰਜ਼ਿਆਂ ਅਤੇ ਗਰਾਂਟਾਂ ਦੀ ਰਾਸ਼ੀ `ਤੇ ਅਸਰ ਨਹੀਂ ਪਾਉਂਦੇ।

## ਮੈਂ ਕਿੰਨੇ ਪੈਸੇ ਲੈ ਸਕਦਾ ਹਾਂ?

ਤੁਸੀਂ ਕਿੰਨੇ ਕਰਜ਼ੇ ਲਈ ਪਾਸ ਹੋ ਸਕਦੇ ਹੋ ਇਸਦਾ ਅਨੁਮਾਨ ਲਾਉਣ ਲਈ CanLearn.ca `ਤੇ ਉਪਲਬਧ ਛਾਤਰ ਕਰਜ਼ਾ ਅਨੁਮਾਨਕ ਨੂੰ ਵਰਤੋ।
ਕਰਜ਼ਿਆਂ ਅਤੇ ਗਰਾਂਟਾਂ ਤੋਂ ਤੁਹਾਨੂੰ ਮਿਲਣ ਵਾਲੀ ਕੁਲ ਰਾਸ਼ੀ:

» ਪ੍ਰਾਂਤ ਜਾਂ ਖੇਤਰ ਜਿਸ ਵਿੱਚ ਤੁਸੀਂ ਰਹਿੰਦੇ ਹੋ;
» ਤੁਹਾਡੇ ਸਿਖਿਆ ਸਬੰਧੀ ਖਰਚੇ, ਜਿਵੇਂਕਿ ਟਿਊਸ਼ਨ ਅਤੇ ਫੀਸਾਂ, ਕਿਤਾਬਾਂ ਅਤੇ ਰਸਦਾਂ, ਅਤੇ ਕੰਪਿਊਟਰ ਸਬੰਧੀ ਖਰਚੇ; ਅਤੇ
» ਧਨ ਰਾਸ਼ੀ ਦੇ ਸਰੋਤ ਜਿਵੇਂ ਕਿ ਬੱਚਤਾਂ, ਵਜ਼ੀਫੇ ਅਤੇ ਇਨਾਮ, ਗਰਮੀਆਂ ਦੀਆਂ ਛੁੱਟੀਆਂ `ਚ ਕੀਤੇ ਕੰਮ ਤੋਂ ਹੋਈ

ਕਮਾਈ, ਅਤੇ ਮਾਪਿਆਂ ਜਾਂ ਦੰਪਤੀ ਤੋਂ ਸੰਭਾਵਤ ਯੋਗਦਾਨ `ਤੇ ਨਿਰਭਰ ਕਰਦੀ ਹੈ।

## ਮੈਂ ਆਪਣਾ ਛਾਤਰ ਕਰਜ਼ਾ ਕਦੋਂ ਵਾਪਿਸ ਕਰਾਂ?

» ਤੁਹਾਡੇ ਸਨਾਤਕ ਬਣਨ ਜਾਂ ਪੂਰਨਕਾਲਕ ਤੌਰ `ਤੇ ਸਕੂਲ ਜਾਣਾ ਛੱਡਣ ਤੋਂ ਛੇ ਮਾਹ ਬਾਦ ਤੁਸੀਂ ਆਪਣੇ ਛਾਤਰ ਕਰਜ਼ਿਆਂ ਨੂੰ ਵਾਪਿਸ ਕਰਨਾ ਸ਼ੁਰੂ ਕਰ ਦਿੰਦੇ ਹੋ।

» ਇਸ ਛੇ ਮਾਹ ਦੇ ਰਿਆਇਤੀ ਸਮੇਂ ਦੇ ਦੌਰਾਨ ਤੁਹਾਨੂੰ ਕਰਜ਼ੇ ਦਾ ਭੁਗਤਾਨ ਕਰਨ ਲਈ ਨਹੀਂ ਕਹਿਆ ਜਾਵੇਗਾ, ਪਰ ਤੁਹਾਡੇ ਕਰਜ਼ੇ `ਤੇ ਬਿਆਜ ਲੱਗੇਗਾ।

ਜੇ ਤੁਹਾਨੂੰ ਆਪਣਾ ਕਰਜ਼ਾ ਵਾਪਿਸ ਕਰਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ, ਤਾਂ ਵਾਪਸੀ ਸਹਾਇਤਾ ਯੋਜਨਾ ਤੁਹਾਨੂੰ ਸਿਰਫ ਓਨਾ ਵਾਪਿਸ ਕਰਨ ਦੀ ਇਜਾਜ਼ਤ ਦੇਵੇਗੀ ਜਿੰਨਾ ਤੁਸੀਂ ਅਸਾਨੀ ਨਾਲ ਦੇ ਸਕਦੇ ਹੋ। ਕੁਝ ਹਾਲਤਾਂ ਵਿੱਚ, ਜਦੋਂ ਤਕ ਤੁਹਾਡੀ ਆਮਦਨ ਵਧ ਨਾ ਜਾਵੇ ਤੁਹਾਨੂੰ ਕਰਜ਼ੇ ਦਾ ਭੁਗਤਾਨ ਨਹੀਂ ਕਰਨਾ ਪਵੇਗਾ।

## ਕੀ ਕੈਨੇਡਾ ਛਾਤਰ ਕਰਜ਼ੇ ਅਤੇ ਗਰਾਂਟਾਂ ਮੇਰੇ ਲਈ ਠੀਕ ਹਨ?

ਜਦੋਂ ਤੁਸੀਂ ਸਕੂਲ ਖਰਚ ਅਦਾ ਕਰਨ ਬਾਰੇ ਸੋਚ ਰਹੇ ਹੋ ਤਾਂ ਸਰਕਾਰੀ ਛਾਤਰ ਕਰਜ਼ੇ ਅਤੇ ਗਰਾਂਟਾਂ ਸਿਰਫ ਇੱਕ ਵਿਚਾਰਨਯੋਗ ਵਿਕਲਪ ਹਨ।
ਵਜ਼ੀਫਿਆਂ ਅਤੇ ਕੰਮ ਕਰਨ ਦੇ ਦੌਰਾਨ ਵਧੇਰੇ ਪੈਸੇ ਬਚਾਉਣ ਸਮੇਤ, ਹੋਰ ਵਿਕਲਪਾਂ ਬਾਰੇ ਛਾਣਬੀਨ ਕਰੋ ਤਾਂ ਕਿ ਤੁਹਾਨੂੰ ਓਨਾ ਹੀ ਕਰਜ਼ਾ ਲੈਣਾ ਪਵੇ ਜਿੰਨਾ ਤੁਹਾਨੂੰ ਅਸਲ ਵਿੱਚ ਚਾਹੀਦਾ ਹੈ।

**ਵਧੇਰੀ ਜਾਣਕਾਰੀ ਲਈ, ਦੇਖੋ:**

Canlearn.ca

National Student Loans Service Centre
P.O. Box 4030
Mississauga ON L5A 4M4
ਮੁਫਤ: 1 888-815-4514 (ਉੱਤਰੀ ਅਮਰੀਕਾ ਵਿੱਚ)
ਟੀਟੀਵਾਈ: 1 888-815-4514

ਇਹ ਪ੍ਰਕਾਸ਼ਨ 1 800 O-Canada (1-800-622-6232) `ਤੇ ਫੋਨ ਕਰਕੇ ਦੂਸਰੀਆਂ ਸ਼ਕਲਾਂ (ਬਰੇਲ, ਸੀਡੀ, ਵੱਡੇ ਛਾਪੇ, ਕੰਪਿਊਟਰ ਡਿਸਕ, ਜਾਂ ਆਡੀਓ-ਕੈਸੇਟ) ਵਿੱਚ ਵੀ ਉਪਲਬਧ ਹੈ। ਟੀਟੀਵਾਈ ਵਰਤਣ ਵਾਲਿਆਂ ਨੂੰ 1-800-926-9105 `ਤੇ ਫੋਨ ਕਰਨਾ ਚਾਹੀਦਾ ਹੈ।

## ਵਧੇਰੀ ਜਾਣਕਾਰੀ ਲਈ, ਦੇਖੋ

**CanLearn.ca**